ਨੰ: HFW-HLH506A/82/2024-5H5

1/1168514/2025

ਪੰਜਾਬ ਸਰਕਾਰ

ਸਿਹਤ ਤੇ ਪਰਿਵਾਰ ਭਲਾਈ ਵਿਭਾਗ

(ਸਿਹਤ-5 ਸ਼ਾਖਾ)

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ,
ਡਵੀਜ਼ਨਾਂ ਦੇ ਕਮਿਸ਼ਨਰ,
ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ,
ਡਿਪਟੀ ਕਮਿਸ਼ਨਰਜ਼,
ਜਿਲ੍ਹਾ ਤੇ ਸੈਸ਼ਨ ਜੱਜ, ਉੱਪ ਮੰਡਲ ਅਫਸਰ (ਸਿਵਲ),
ਜਿਲ੍ਹਿਆਂ ਦੇ ਸਿਵਲ ਸਰਜਨ,
ਪ੍ਰਿੰਸੀਪਲ ਮੈਡੀਕਲ/ਡੈਂਟਲ ਕਾਲਜ, ਅੰਮ੍ਰਿਤਸਰ,
ਫਰੀਦਕੋਟ ਅਤੇ ਪਟਿਆਲਾ।

ਮਿਤੀ, ਚੰਡੀਗੜ੍ਹ: 05.08.2025

ਵਿਸ਼ਾ:- ਪੰਜਾਬ ਸਰਵਿਸਜ਼ (ਮੈਡੀਕਲ ਅਟੈਂਡੈਂਸ) ਰੂਲਜ਼, 1940- "ਪਰਿਵਾਰ" ਦੀ ਪਰਿਭਾਸ਼ਾ ਸਬੰਧੀ।

•••••

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2. ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਹਦਾਇਤਾਂ ਨੰ: 12/97/93-5ਸਿ5/9495, ਮਿਤੀ 17 ਮਾਰਚ, 1994 ਰਾਹੀਂ ਪੰਜਾਬ ਸਰਕਾਰ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਡਾਕਟਰੀ ਖਰਚੇ ਦੀ ਪ੍ਰਤੀਪੂਰਤੀ ਦੇ ਮੰਤਵ ਲਈ ਪਰਿਵਾਰ ਦੀ ਪਰਿਭਾਸ਼ਾ ਹੇਠ ਅਨੁਸਾਰ ਨਿਰਧਾਰਤ ਕੀਤੀ ਗਈ ਸੀ:-

> *"ਸਰਕਾਰੀ ਕਰਮਚਾਰੀ ਦੀ ਪਤਨੀ (ਕਾਨੂੰਨੀ ਤੌਰ ਤੇ ਵੱਖ ਹੋਈ ਪਤਨੀ ਸਮੇਤ) ਅਤੇ ਮਹਿਲਾ ਕਰਮਚਾਰੀ ਦੇ ਕੇਸ ਵਿੱਚ ਉਸਦਾ ਪਤੀ, ਜੋ ਕਿ ਉਸ ਨਾਲ ਰਹਿੰਦੀ/ਰਹਿੰਦਾ ਹੋਵੇ ਤੇ ਉਸ ਤੇ ਪੂਰੀ ਤਰ੍ਹਾਂ ਨਿਰਭਰ ਹੋਵੇ, ਕੇਵਲ ਦੋ ਬੱਚਿਆਂ ਤੱਕ ਦੀ ਸੀਮਾ ਤੱਕ ਜਾਇਜ਼ ਬੱਚੇ (ਸਮੇਤ ਮਤਰੱਏ ਬੱਚੇ ਅਤੇ ਗੋਦ ਲਏ ਬੱਚੇ) ਅਤੇ ਮਾਤਾ ਪਿਤਾ ਜੋ ਕਿ ਸਰਕਾਰੀ ਕਰਮਚਾਰੀ ਦੇ ਨਾਲ ਰਹਿੰਦੇ ਹੋਣ ਤੇ ਉਸ ਤੇ ਪੂਰੀ ਤਰ੍ਹਾਂ ਨਿਰਭਰ ਹੋਣ"*
>
> *ਉਪਰੋਕਤ "ਪਰਿਵਾਰ" ਦੀ ਪਰਿਭਾਸ਼ਾ, ਸਰਵ ਭਾਰਤੀ ਸੇਵਾਵਾਂ ਦੇ ਅਫਸਰ, ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਜੱਜ ਸਾਹਿਬਾਨ ਅਤੇ ਐਮ.ਐਲ.ਏਜ਼ ਤੇ ਲਾਗੂ ਨਹੀਂ ਹੋਵੇਗੀ।*

Scanned with CamScanner

3. ਇਸ ਉਪਰੰਤ ਵਿਭਾਗ ਵੱਲੋਂ ਹਦਾਇਤਾਂ ਨੰ: 12/2/11-5 ਸਿਹਤ 5/721, ਮਿਤੀ 30.03.12 ਰਾਹੀਂ ਹੇਠ ਅਨੁਸਾਰ ਉਪਬੰਧ ਕੀਤਾ ਗਿਆ ਸੀ:-

xxx xxx xxx

***ੳ) ਪਰਿਵਾਰ ਦੇ ਮੈਂਬਰਾਂ ਦੀ ਪਰਿਭਾਸ਼ਾ ਵਿੱਚ ਕੋਈ ਤਬਦੀਲੀ ਕਰਨ ਦੀ ਲੋੜ ਨਹੀਂ ਹੈ।***

***ਅ) ਵੱਖ-ਵੱਖ ਜਥੇਬੰਦੀਆਂ ਦੀ ਮੰਗ ਅਤੇ ਲੋਕ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਵੱਲੋਂ ਸਟੈਂਡਿੰਗ ਕਮੇਟੀ ਦੀ ਮੀਟਿੰਗ ਵਿੱਚ ਫੈਸਲਾ ਲਿਆ ਗਿਆ ਹੈ ਕਿ ਪਰਿਵਾਰ ਦਾ ਮੈਂਬਰ ਜੋ ਇਨਕਮ ਟੈਕਸ ਪੇਈ ਨਹੀਂ ਹੈ, ਨੂੰ ਮੈਡੀਕਲ ਪ੍ਰਤੀ ਪੂਰਤੀ ਲਈ ਨਿਰਭਰ ਮੰਨ ਲਿਆ ਜਾਵੇ, ਪਰੰਤੂ ਜੇਕਰ ਉਸ ਮੈਂਬਰ ਨੇ ਹੋਰ ਕਿਤੇ ਕੋਈ ਮੈਡੀਕਲ ਰੀਇੰਬਰਸਮੈਂਟ ਜਾਂ ਮੈਡੀਕਲ ਕਲੇਮ ਕੀਤਾ ਹੈ ਤਾਂ ਉਸ ਨੂੰ ਨਿਰਭਰ ਨਹੀਂ ਮੰਨਿਆ ਜਾਵੇਗਾ।***

*xxx xxx xxx*

4. ਇਸ ਮਾਮਲੇ ਨੂੰ ਮੁੜ ਤੋਂ ਗਹੁ ਨਾਲ ਵਿਚਾਰਦੇ ਹੋਏ ਪੰਜਾਬ ਸਰਕਾਰ ਦੇ ਮਹਿਲਾ ਅਧਿਕਾਰੀਆਂ/ਕਰਮਚਾਰੀਆਂ ਨੂੰ ਮੈਡੀਕਲ ਪ੍ਰਤੀਪੂਰਤੀ ਦੇ ਮੰਤਵ ਲਈ ਪਰਿਵਾਰ ਦੀ ਪਰਿਭਾਸ਼ਾ ਵਿੱਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ:-

**ਵਿਆਹ ਉਪਰੰਤ ਕੇਵਲ ਸਰਕਾਰੀ ਇਸਤਰੀ ਮੁਲਾਜਮ ਹੀ ਮੈਡੀਕਲ ਸਕੀਮ ਤਹਿਤ ਆਪਣੇ Parents-in-Law ਦੇ ਮੈਡੀਕਲ ਖਰਚੇ ਦੀ ਪ੍ਰਤੀਪੂਰਤੀ ਕਰਨ ਲਈ ਚੋਣ ਕਰ ਸਕਦੀ ਹੈ। ਇਹ ਸੁਵਿਧਾ ਅਧਿਕਾਰੀ/ਕਰਮਚਾਰੀ ਦੀ ਪੂਰੀ ਸੇਵਾ ਦੌਰਾਨ ਕੇਵਲ ਇੱਕ ਵਾਰ ਅਵੇਲ ਕੀਤੀ ਜਾਵੇਗੀ।**

5. ਉਪਰੋਕਤ ਦਰਸਾਇਆ "ਪਰਿਵਾਰ" ਦੀ ਪਰਿਭਾਸ਼ਾ ਵਿੱਚ ਵਾਧਾ ਕੇਵਲ ਮੈਡੀਕਲ ਪ੍ਰਤੀਪੂਰਤੀ ਸਬੰਧੀ ਹੋਵੇਗਾ।

6. ਇਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਸ ਵਿਸ਼ੇ ਤੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਜਾਰੀ ਹਦਾਇਤਾਂ ਨੰ: 12/97/93-5ਸਿ5/9495, ਮਿਤੀ 17 ਮਾਰਚ, 1994 ਅਤੇ 12/2/11-5 ਸਿਹਤ 5/721, ਮਿਤੀ 30.03.12 ਵੀ ਜਿਉਂ ਦੀਆਂ ਤਿਉਂ ਲਾਗੂ ਰਹਿਣਗੀਆਂ।

7. ਇਹ ਹਦਾਇਤਾਂ ਪ੍ਰਸੋਨਲ ਵਿਭਾਗ (ਪੀ.ਪੀ-2) ਦੇ ਪੱਤਰ ਨੰ:17/12/2024-5PP2/443 ਮਿਤੀ 29.7.2025 ਰਾਹੀਂ ਪ੍ਰਾਪਤ ਹੋਈ ਪ੍ਰਵਾਨਗੀ ਉਪਰੰਤ ਜਾਰੀ ਕੀਤੀਆਂ ਜਾਂਦੀਆਂ ਹਨ।

ਅਧੀਨ ਸਕੱਤਰ, ਸਿਹਤ

Scanned with CamScanner